

ਪ੍ਰੈੱਸ ਕਾਨਫ਼ਰੰਸ ਦੌਰਾਨ ਡੀ.ਆਈ.ਜੀ. ਗੁਰਪ੍ਰੀਤ ਸਿੰਘ ਭੁੱਲਰ ਨਾਲ ਐੱਸ. ਐਸ. ਪੀ. ਡਾ. ਸੰਦੀਪ ਗਰਗ। ਤਸਵੀਰ- ਵਰੁਣ ਲਾਂਬਾ

# ਪਿੰਦਰੀ ਗੈਂਗ ਦੇ 10 ਖਤਰਨਾਕ ਗੈਂਗਸਟਰ ਕਾਬੂ

ਰੂਪਨਗਰ, 8 ਅਗਸਤ (ਸਤਨਾਮ ਸਿੰਘ ਸੱਤੀ)-ਰੂਪਨਗਰ ਪੁਲਿਸ ਵਲੋਂ ਪਿੰਦਰੀ ਗੈਂਗ ਦੇ 10 ਖ਼ਤਰਨਾਕ ਗੈਂਗਸਟਰਾਂ ਜਿਨ੍ਹਾਂ ਦਾ ਸਬੰਧ ਲਾਰੈਂਸ ਬਿਸ਼ਨੋਈ ਗੈਂਗ ਨਾਲ ਦੱਸਿਆ ਗਿਆ, ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਨ੍ਹਾਂ ਕੋਲ ਸੱਤ ਗੈਰ ਕਾਨੂੰਨੀ ਹਥਿਆਰ ਅਤੇ 51 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਅੱਜ ਪੁਲਿਸ ਲਾਈਨ ਰੂਪਨਗਰ ਵਿਖੇ ਡਿਪਟੀ ਇੰਸਪੈਕਟਰ ਜਨਰਲ (ਡੀ.ਆਈ.ਜੀ.) ਰੂਪਨਗਰ ਰੇਂਜ ਅਤੇ ਐਂਟੀ ਗੈਂਗਸਟਰ ਟਾਸਕ ਫੋਰਸ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਰੂਪਨਗਰ ਪੁਲਿਸ ਦੀ ਟੀਮ ਨੇ ਸੂਬੇ ਅੰਦਰ ਚੱਲ ਰਹੇ ਇਸ ਅੰਤਰਰਾਜੀ ਗਰੋਹ ਦਾ ਪਰਦਾਫਾਸ਼ (ਬਾਕੀ ਸਫਾ 9 'ਤੇ)

ਅਜੀਤ ®©
09-Aug-2022
Page: 3
http://epaper.ajitjalandhar.com/edition/20220809/10/3.cms

# ਪਿੰਦਰੀ ਗੈਂਗ ਦੇ 10 ਖਤਰਨਾਕ.....

(ਸਫਾ 3 ਦੀ ਬਾਕੀ)

ਕੀਤਾ। ਉਨ੍ਹਾਂ ਕਿਹਾ ਕਿ ਇਸ ਗੈਂਗ ਦੇ ਮੁੱਖ ਸਰਗਨਾ ਦੀ ਪਰਮਿੰਦਰ ਸਿੰਘ ਉਰਫ਼ ਪਿੰਦਰੀ ਵਜੋਂ ਪਹਿਚਾਣ ਹੋਈ ਜੋ ਕਿ ਨੰਗਲ-ਰੂਪਨਗਰ-ਨੂਰਪੁਰਬੇਦੀ ਅਤੇ ਨਾਲਾਗੜ੍ਹ ਖੇਤਰਾਂ ਵਿਚ ਸਰਗਰਮ ਸੀ। ਭੁੱਲਰ ਨੇ

**☛ 7 ਹਥਿਆਰ ਤੇ 51 ਜ਼ਿੰਦਾ ਕਾਰਤੂਸ ਬਰਾਮਦ ☛ ਉਕਤ ਗੈਂਗਸਟਰ ਨਸ਼ਾ ਤਸਕਰੀ 'ਚ ਵੀ ਰਹੇ ਸ਼ਾਮਿਲ-ਡੀ.ਆਈ.ਜੀ. ਭੁੱਲਰ**

ਦੱਸਿਆ ਕਿ ਇਸ ਗੈਂਗਸਟਰ ਖ਼ਿਲਾਫ਼ ਪਹਿਲਾਂ ਹੀ ਰੂਪਨਗਰ, ਹਰਿਆਣਾ, ਜਲੰਧਰ ਅਤੇ ਪਟਿਆਲਾ ਦੇ ਥਾਣਿਆਂ ਵਿਚ 22 ਐਫ.ਆਈ.ਆਈ.ਆਰ ਦਰਜ ਹਨ ਜਿਨ੍ਹਾਂ 'ਚ ਕਤਲ ਦੀ ਕੋਸ਼ਿਸ਼ ਦੇ ਪਰਚੇ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪਰਮਿੰਦਰ ਸਿੰਘ ਹੋਰਨਾਂ ਅਪਰਾਧਾਂ ਤੋਂ ਇਲਾਵਾ ਇਸ ਖੇਤਰ ਵਿਚ ਭਾਰੀ ਨਸ਼ਾ ਸਮਗਲਿੰਗ ਕਰਨ ਵਿਚ ਵੀ ਸ਼ਾਮਿਲ ਹੈ। ਰੂਪਨਗਰ ਪੁਲਿਸ ਵਲੋਂ ਪਰਮਿੰਦਰ ਤੋਂ ਇਲਾਵਾ ਬਲਜਿੰਦਰ ਸਿੰਘ ਉਰਫ਼ ਬਿੱਲਾ, ਗੁਰਦੀਪ ਸਿੰਘ ਉਰਫ਼ ਗੋਗੀ, ਜਸਪ੍ਰੀਤ ਸਿੰਘ ਉਰਫ਼ ਮੱਕੜ, ਗੁਰਪ੍ਰੀਤ ਸਿੰਘ ਉਰਫ਼ ਭੋਲੂ, ਇਕਬਾਲ ਮੁਹੰਮਦ, ਸੁਰਿੰਦਰ ਸਿੰਘ ਉਰਫ਼ ਛਿੰਦਾ, ਦਾਰਾ ਸਿੰਘ ਉਰਫ਼ ਦਾਰਾ, ਸੁਖਵਿੰਦਰ ਸਿੰਘ ਉਰਫ਼ ਕਾਕਾ ਅਤੇ ਰੌਬਿਨ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਲੋਂ ਸੱਤ ਗ਼ੈਰ ਕਾਨੂੰਨੀ ਹਥਿਆਰ ਜਿਸ ਵਿਚ ਦੋ .32 ਬੋਰ ਕੰਟਰੀ ਮੇਡ ਦੇਸੀ ਪਿਸਤੌਲ, ਦੋ ਕੰਟਰੀ ਮੇਡ ਦੇਸੀ ਪਿਸਤੌਲ .30 ਬੋਰ, ਦੋ ਕੰਟਰੀ ਮੇਲ .315 ਬੋਰ ਪਿਸਤੌਲ ਅਤੇ ਇੱਕ ਕੰਟਰੀ ਮੇਡ ਪਿਸਤੌਲ .12 ਬੋਰ ਦੇ ਨਾਲ 51 ਜਿੰਦਾ ਕਾਰਤੂਸ ਅਤੇ ਇਕ ਮੈਗਜ਼ੀਨ ਵੀ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪਿੰਦਰੀ ਖ਼ਿਲਾਫ਼ 22 ਐਫ.ਆਈ.ਆਰ., ਬਲਜਿੰਦਰ ਦੇ ਖ਼ਿਲਾਫ਼ ਦੋ, ਗੁਰਪ੍ਰੀਤ, ਜਸਪ੍ਰੀਤ ਅਤੇ ਗੁਰਦੀਪ ਦੇ ਖ਼ਿਲਾਫ਼ ਇੱਕ-ਇੱਕ, ਇਕਬਾਲ ਮੁਹੰਮਦ ਦੇ ਖ਼ਿਲਾਫ਼ ਸੱਤ, ਸੁਰਿੰਦਰ ਦੇ ਖ਼ਿਲਾਫ਼ ਚਾਰ ਅਤੇ ਦਾਰਾ ਦੇ ਖ਼ਿਲਾਫ਼ 24 ਐਫ.ਆਈ.ਆਰ. ਦਰਜ ਹਨ। ਪਿੰਦਰੀ ਦਾ ਪਿੰਡ ਵੀ ਬਠਿੰਡਾ ਜੇਲ੍ਹ 'ਚ ਬੰਦ ਗੈਂਗਸਟਰ ਦਿਲਪ੍ਰੀਤ ਸਿੰਘ ਬਾਬੇ ਵਾਲਾ ਦੇ ਨੂਰਪੁਰ ਬੇਦੀ ਖੇਤਰ 'ਚ ਸਥਿਤ ਢਾਂਹਾ ਹੀ ਹੈ ਅਤੇ ਦੋਵੇਂ ਇਕ ਦੂਜੇ ਦੇ ਵਿਰੋਧੀ ਹਨ। ਪ੍ਰੈੱਸ ਕਾਨਫ਼ਰੰਸ ਦੌਰਾਨ ਜ਼ਿਲ੍ਹਾ ਪੁਲਿਸ ਮੁਖੀ ਡਾ. ਸੰਦੀਪ ਗਰਗ ਸਮੇਤ ਐਸ.ਪੀ. (ਡੀ) ਮਨਵਿੰਦਰਵੀਰ ਸਿੰਘ, ਡੀ.ਐਸ.ਪੀ.(ਡੀ) ਤਲਵਿੰਦਰ ਸਿੰਘ ਗਿੱਲ ਸੀ.ਆਈ.ਏ. ਸਟਾਫ਼ ਦੇ ਇਂਚਾਰਜ ਇੰਸਪੈਕਟਰ ਸਤਨਾਮ ਸਿੰਘ, ਏ.ਐਸ.ਆਈ. ਬਲਬੀਰ ਸਿੰਘ ਵੀ ਸ਼ਾਮਲ ਸਨ। ਕਾਬੂ ਕੀਤੇ ਗਏ ਗੈਂਗਸਟਰਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿੱਥੇ ਅਦਾਲਤ ਨੇ ਸਾਰਿਆਂ ਨੂੰ 10 ਅਗਸਤ ਤੱਕ ਪੁਲਿਸ ਹਿਰਾਸਤ 'ਚ ਭੇਜ ਦਿੱਤਾ।

ਅਜੀਤ
09-Aug-2022
Page: 9
http://epaper.ajitjalandhar.com/edition/20220809/10/9.cm